# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ:
# ਨਸਲੀ ਵਿਤਕਰਾ

BRITISH COLUMBIA

ਇਹ ਤੱਥ ਸ਼ੀਟ ਬੀ ਸੀ ਵਿਚ ਨਸਲੀ ਵਿਤਕਰੇ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਨਾਲ ਸੰਪਰਕ ਕਰੋ। ਸੰਪਰਕ ਕਰਨ ਬਾਰੇ ਜਾਣਕਾਰੀ ਇਸ ਤੱਥ ਸ਼ੀਟ ਦੇ ਅੰਤ 'ਤੇ ਦਿੱਤੀ ਗਈ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕਾਂ ਦੀ ਰੱਖਿਆ ਅਤੇ ਹਿਮਾਇਤ ਕਰਨ ਲਈ ਕਾਨੂੰਨ ਹੈ। ਇਸ ਨੂੰ *ਬੀ ਸੀ ਹਿਊਮਨ ਰਾਈਟਸ ਕੋਡ* ਜਾਂ *ਕੋਡ* ਆਖਿਆ ਜਾਂਦਾ ਹੈ। *ਕੋਡ* ਤੁਹਾਡੀ ਨਸਲ, ਤੁਹਾਡੀ ਚਮੜੀ ਦੇ ਰੰਗ, ਤੁਹਾਡੇ ਪਿਛੋਕੜ ਜਾਂ ਤੁਹਾਡੇ ਜਨਮ ਦੇ ਸਥਾਨ (ਜਿੱਥੇ ਤੁਸੀਂ ਪੈਦਾ ਹੋਏ ਸੀ) ਕਰਕੇ ਬੁਰਾ ਵਰਤਾਉ ਕੀਤੇ ਜਾਣ ਜਾਂ ਕਿਸੇ ਫਾਇਦੇ ਤੋਂ ਨਾਂਹ ਕੀਤੇ ਜਾਣ ਤੋਂ ਤੁਹਾਡੀ ਰੱਖਿਆ ਕਰਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਇਹ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਸ਼ਿਕਾਇਤ ਕਰਨ ਦੀ ਆਗਿਆ ਦਿੰਦਾ ਹੈ।

ਜੇ ਤੁਸੀਂ ਕੋਈ ਸ਼ਿਕਾਇਤ ਕਰਦੇ ਹੋ, ਜਾਂ ਸ਼ਿਕਾਇਤ ਕਰਨ ਬਾਰੇ ਸੋਚ ਰਹੇ ਹੋ ਜਾਂ ਕਿਸੇ ਹੋਰ ਤਰੀਕੇ ਨਾਲ ਇਸ ਵਿਚ ਸ਼ਾਮਲ ਹੋ ਤਾਂ *ਕੋਡ* **ਬਦਲਾ** ਲਏ ਜਾਣ ਤੋਂ ਵੀ ਤੁਹਾਡੀ ਰੱਖਿਆ ਕਰਦਾ ਹੈ। ਜਦੋਂ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਜਾਂ ਤੁਹਾਨੂੰ ਸਬਕ ਸਿਖਾਉਂਦਾ ਹੈ ਤਾਂ ਇਹ **ਬਦਲਾ** ਹੈ।

## ✻ ਨਸਲਵਾਦ ਕੀ ਹੈ?

**ਨਸਲਵਾਦ** (ਰੇਸਿਜ਼ਮ) ਇਕ ਵਿਸ਼ਵਾਸ ਹੈ ਕਿ ਕੁਝ ਲੋਕ ਹੋਰ ਲੋਕਾਂ ਨਾਲੋਂ ਬਿਹਤਰ ਹਨ ਕਿਉਂਕਿ ਉਹ ਕਿਸੇ ਖਾਸ ਨਸਲ ਜਾਂ ਨਸਲੀ ਗਰੁੱਪ ਨਾਲ ਸੰਬੰਧ ਰੱਖਦੇ ਹਨ।

## ✻ ਨਸਲੀ ਵਿਤਕਰਾ ਕੀ ਹੈ?

**ਨਸਲੀ ਵਿਤਕਰਾ** ਉਦੋਂ ਹੁੰਦਾ ਹੈ ਜਦੋਂ ਕੋਈ ਤੁਹਾਡੀ ਨਸਲ, ਰੰਗ, ਪਿਛੋਕੜ, ਜਾਂ ਜਨਮ ਦੇ ਸਥਾਨ ਕਰਕੇ ਤੁਹਾਡੇ ਨਾਲ ਬੁਰਾ ਵਰਤਾਉ ਕਰਦਾ ਹੈ ਜਾਂ ਤੁਹਾਨੂੰ ਕੋਈ ਫਾਇਦਾ ਦੇਣ ਤੋਂ ਨਾਂਹ ਕਰਦਾ ਹੈ, ਤੁਹਾਨੂੰ ਪਰੇਸ਼ਾਨ ਕਰਦਾ ਹੈ ਜਾਂ ਤੁਹਾਡਾ ਅਪਮਾਨ ਕਰਦਾ ਹੈ।

ਨਸਲੀ ਵਿਤਕਰੇ ਦੇ ਕਈ ਰੂਪ ਹੋ ਸਕਦੇ ਹਨ। ਉਦਾਹਰਣ ਲਈ:

- ਤੁਹਾਡੇ ਨਸਲੀ ਨਾਂ ਲੈਣਾ।
- ਤੁਹਾਨੂੰ ਸਰਵਿਸ ਦੇਣ ਤੋਂ ਨਾਂਹ ਕਰਨਾ।
- ਤੁਹਾਨੂੰ ਕੰਮ 'ਤੇ ਨਾ ਰੱਖਣਾ ਜਾਂ ਤਰੱਕੀ ਨਾ ਦੇਣਾ ਪਰ ਹੋਰ ਨਸਲ ਦੇ ਲੋਕਾਂ ਲਈ ਅਜਿਹਾ ਕਰਨਾ।
- ਤੁਹਾਨੂੰ ਧਮਕਾਉਣਾ ਅਤੇ ਵੱਖਰੀ ਨਸਲ ਦੇ ਹੋਰ ਲੋਕਾਂ ਨੂੰ ਨਹੀਂ।

**ਨਸਲੀ ਵਿਤਕਰੇ ਦੀਆਂ ਉਦਾਹਰਣਾਂ**

- ਕੋਈ ਅਬਰਿਜਨਲ ਆਦਮੀ ਕਿਰਾਏ ਲਈ ਅਪਾਰਟਮੈਂਟ ਦੇਖਣ ਜਾਂਦਾ ਹੈ। ਆਦਮੀ ਨੂੰ ਮਿਲਣ ਤੋਂ ਬਾਅਦ ਅਤੇ ਉਸ ਆਦਮੀ ਦੀ ਨਸਲ ਬਾਰੇ ਮਾੜੀ ਟਿੱਪਣੀ ਕਰਨ ਤੋਂ ਬਾਅਦ, ਲੈਂਡਲਾਰਡ ਕਹਿੰਦਾ ਹੈ ਕਿ ਅਪਾਰਟਮੈਂਟ ਕਿਰਾਏ 'ਤੇ ਚੜ੍ਹ ਗਿਆ ਹੈ। ਅਗਲੇ ਦਿਨ ਉਹੀ ਆਦਮੀ ਲੈਂਡਲਾਰਡ ਨੂੰ ਅਪਾਰਟਮੈਂਟ ਬਾਰੇ ਪੁੱਛਣ ਲਈ ਫੋਨ ਕਰਦਾ ਹੈ ਅਤੇ ਉਸ ਨੂੰ ਪਤਾ ਲੱਗਦਾ ਹੈ ਕਿ ਇਹ ਅਜੇ ਵੀ ਖਾਲੀ ਹੈ।
- ਇਕ ਕੰਪਨੀ ਘੱਟ ਤਨਖਾਹ ਵਾਲੀਆਂ ਜੌਬਾਂ 'ਤੇ ਕੰਮ ਕਰਨ ਲਈ ਨਵੇਂ ਮੁਲਾਜ਼ਮ ਰੱਖਦੀ ਹੈ ਜਿਨ੍ਹਾਂ ਵਿਚ ਇਮੀਗਰਾਂਟ ਵਰਕਰ ਵੀ ਸ਼ਾਮਲ ਹਨ। ਗੈਰ-ਇਮੀਗਰਾਂਟ ਮੁਲਾਜ਼ਮਾਂ ਨੂੰ ਟਰੇਂਡ ਕੀਤਾ ਜਾਂਦਾ ਹੈ ਅਤੇ ਤਰੱਕੀ ਦਿੱਤੀ ਜਾਂਦੀ ਹੈ ਪਰ ਇਮੀਗਰਾਂਟ ਵਰਕਰਾਂ ਨੂੰ ਨਹੀਂ, ਭਾਵੇਂ ਕਿ ਉਹ ਬਰਾਬਰ ਦੀ ਹੀ ਯੋਗਤਾ ਅਤੇ ਤਜਰਬਾ ਰੱਖਦੇ ਹਨ।

## ✻ ਵਿਤਕਰੇ ਨਾਲ ਸਿੱਝਣਾ

ਜੇ ਤੁਹਾਡੇ ਨਾਲ ਵਿਤਕਰਾ ਹੋ ਰਿਹਾ ਹੋਵੇ ਤਾਂ ਤੁਸੀਂ ਇਹ ਕਝ ਕਦਮ ਚੁੱਕ ਸਕਦੇ ਹੋ:

- ਇਸ ਚੀਜ਼ ਦਾ ਲਿਖਤੀ ਰਿਕਾਰਡ ਰੱਖੋ ਕਿ ਕੀ ਹੋਇਆ ਹੈ ਅਤੇ ਕਦੋਂ ਹੋਇਆ ਹੈ, ਅਤੇ ਕੀ ਕਿਹਾ ਗਿਆ ਸੀ।
- ਜੇ ਵਿਤਕਰਾ ਕੰਮ 'ਤੇ, ਤੁਹਾਡੀ ਅਪਾਰਟਮੈਂਟ ਬਿਲਡਿੰਗ ਵਿਚ, ਜਾਂ ਕਿਸੇ ਸਟੋਰ ਜਾਂ ਰੈਸਟੋਰੈਂਟ ਵਿਚ ਹੋਇਆ ਹੈ ਤਾਂ ਆਪਣੇ ਕੰਮ-ਮਾਲਕ ਜਾਂ ਲੈਂਡਲਾਰਡ ਜਾਂ ਮੈਨੇਜਰ ਨੂੰ ਇਸ ਬਾਰੇ ਕੁਝ ਕਰਨ ਲਈ ਕਹੋ।
- ਕੰਮ 'ਤੇ ਜਾਂ ਸਕੂਲ ਵਿਚ ਸ਼ਿਕਾਇਤ ਦਰਜ ਕਰਵਾਉਣ ਲਈ ਸ਼ਿਕਾਇਤ ਕਰਨ ਦੇ ਅੰਦਰੂਨੀ ਤਰੀਕੇ ਵਰਤੋ। ਉਦਾਹਰਣ ਲਈ, ਜੇ ਵਿਤਕਰਾ ਕੰਮ 'ਤੇ ਹੁੰਦਾ ਹੈ ਅਤੇ ਤੁਸੀਂ ਯੂਨੀਅਨ ਵਿਚ ਹੋ ਤਾਂ ਯੂਨੀਅਨ ਦੇ ਆਪਣੇ ਨੁਮਾਇੰਦੇ ਤੋਂ ਮਦਦ ਮੰਗੋ।

- ਮਦਦ ਲੈਣ ਲਈ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਨਾਲ ਸੰਪਰਕ ਕਰੋ।

ਬੀ ਸੀ ਵਿਚ ਮਨੁੱਖੀ ਹੱਕਾਂ ਬਾਰੇ ਸੰਖੇਪ ਜਾਣਨ ਲਈ ਕਿਰਪਾ ਕਰਕੇ ਤੱਥ ਸ਼ੀਟ ***ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ: ਤੁਹਾਨੂੰ ਕੀ ਜਾਣਨ ਦੀ ਲੋੜ ਹੈ*** ਦੇਖੋ।

## ✱ ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਮੇਰੀ ਮਨੁੱਖੀ ਹੱਕਾਂ ਦੀ ਸ਼ਿਕਾਇਤ ਬਣਦੀ ਹੈ?

*ਬੀ ਸੀ ਹਿਊਮਨ ਰਾਈਟਸ ਕੋਡ* ਹੇਠ ਸ਼ਿਕਾਇਤ ਕਰਨ ਲਈ, **ਅੱਗੇ ਲਿਖੇ ਸਾਰਿਆਂ** ਦਾ ਸੱਚ ਹੋਣਾ ਜ਼ਰੂਰੀ ਹੈ:

- ✔ ਤੁਹਾਡੇ ਨਾਲ ਬੁਰਾ ਵਰਤਾਉ ਕੀਤਾ ਗਿਆ ਹੈ ਜਾਂ ਤੁਹਾਨੂੰ ਕਿਸੇ ਫਾਇਦੇ ਤੋਂ ਨਾਂਹ ਕੀਤੀ ਗਈ ਹੈ।
- ✔ ਤੁਹਾਡੇ ਨਾਲ ਵਰਤਾਉ ਕਰਨ ਦੇ ਤਰੀਕੇ (ਮਾੜੀ ਤਰ੍ਹਾਂ ਦਾ ਵਰਤਾਅ ਜਾਂ ਕਿਸੇ ਫਾਇਦੇ ਤੋਂ ਨਾਂਹ) ਅਤੇ ਤੁਹਾਡੀ ਨਸਲ, ਰੰਗ, ਪਿਛੋਕੜ ਜਾਂ ਜਨਮ ਦੇ ਸਥਾਨ ਵਿਚਕਾਰ ਸੰਬੰਧ ਹੈ।
- ✔ ਇਹ ਵਰਤਾਉ ਅੱਗੇ ਦਿੱਤੀ ਕਿਸੇ ਹਾਲਤ ਵਿਚ ਹੋਇਆ ਹੈ ਜਿਵੇਂ ਕਿ ਕੰਮ 'ਤੇ, ਸਟੋਰ ਜਾਂ ਰੈਸਟੋਰੈਂਟ ਵਿਚ, ਜਾਂ ਲੈਂਡਲਾਰਡ ਅਤੇ ਕਿਰਾਏਦਾਰ ਵਿਚਕਾਰ।

ਤੁਹਾਡੇ ਲਈ ਆਪਣੀ ਸ਼ਿਕਾਇਤ ਘਟਨਾ ਦੇ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਕਰਨਾ ਜ਼ਰੂਰੀ ਹੈ। (ਨੋਟ: ਸਮੇਂ ਦੀ ਇਸ ਸੀਮਾ ਵਿਚ ਕੁਝ ਛੋਟਾਂ ਹਨ।) ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜਿਹੜੀ ਕਿ ਅਦਾਲਤ ਦੀ ਕਾਰਵਾਈ ਵਾਂਗ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਨੂੰ **ਸ਼ਿਕਾਇਤਕਰਤਾ (ਕਮਪਲੇਨੈਂਟ)** ਆਖਿਆ ਜਾਂਦਾ ਹੈ।

## ✱ ਮੈਂ ਮਦਦ ਕਿੱਥੋਂ ਲੈ ਸਕਦਾ/ਸਕਦੀ ਹਾਂ?

**ਸ਼ਿਕਾਇਤਕਰਤਾ** ਸੂਬੇ ਭਰ ਵਿਚ ਕਿਤਿਉਂ ਵੀ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਰਾਹੀਂ ਜਾਣਕਾਰੀ ਲੈ ਸਕਦੇ ਹਨ। ਕਲੀਨਿਕ ਵਿਚਲੇ ਲੋਕ *ਹਿਊਮਨ ਰਾਈਟਸ ਕੋਡ* ਨੂੰ ਸਮਝਣ ਜਾਂ ਸੂਬਾਈ ਮਨੁੱਖੀ ਹੱਕਾਂ ਦੀ ਸ਼ਿਕਾਇਤ ਨਾਲ ਸਿੱਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਤੁਸੀਂ ਹੋਰ ਕਿਸਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਵੀ ਹੋ ਸਕਦੇ ਹੋ। ਇਹ ਪਤਾ ਲਾਉਣ ਲਈ ਕਲੀਨਿਕ ਵਿਖੇ ਕਿਸੇ ਨਾਲ ਗੱਲ ਕਰੋ ਕਿ ਕੀ ਤੁਸੀਂ ਯੋਗ ਹੋ।

### BC Human Rights Clinic

300-1140 West Pender Street, Vancouver, B.C. V6E 4G1
ਟੈਲੀਫੋਨ: 604 622-1100 ਦੂਰੋਂ ਮੁਫਤ: 1 855 685-6222
ਫੈਕਸ: 604 685-7611
ਔਨਲਾਈਨ: www.BCHRC.net

---

ਜੇ ਕਿਸੇ ਨੇ ਤੁਹਾਡੇ ਵਿਰੁੱਧ ਸ਼ਿਕਾਇਤ ਕੀਤੀ ਹੈ ਤਾਂ ਤੁਸੀਂ **ਉੱਤਰਦਾਤਾ (ਰਿਸਪੌਂਡੈਂਟ)** ਹੋ। **ਉੱਤਰਦਾਤਾ** ਸੂਬੇ ਵਿਚ ਕਿਤਿਉਂ ਵੀ ਅਤੇ ਵਿਕਟੋਰੀਆ ਏਰੀਏ ਦੇ **ਸ਼ਿਕਾਇਤਕਰਤਾ** ਇੱਥੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹਨ:

### University of Victoria

Law Centre Clinical Law Program
Suite 225 – 850 Burdett Avenue, Victoria, B.C. V8W 1B4
ਟੈਲੀਫੋਨ: 250 385-1221 ਦੂਰੋਂ ਮੁਫਤ: 1 866 385-1221
ਈ-ਮੇਲ: reception@thelawcentre.ca

ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਭੇਜਿਆ ਜਾ ਸਕਦਾ ਹੈ।

---

### BC Human Rights Tribunal

Suite 1170 – 605 Robson Street, Vancouver, B.C. V6B 5J3
ਟੈਲੀਫੋਨ: 604 775-2000 ਦੂਰੋਂ ਮੁਫਤ: 1 888 440-8844
ਟੀ ਟੀ ਵਾਈ (ਬੋਲ਼ਿਆਂ ਲਈ): 604 775-2021
ਔਨਲਾਈਨ: www.bchrt.gov.bc.ca

*ਇਸ ਜਾਣਕਾਰੀ ਸ਼ੀਟ ਦਾ ਮੰਤਵ ਸਿਰਫ ਆਮ ਜਾਣਕਾਰੀ ਦੇਣਾ ਹੈ। ਇਸ ਦਾ ਮੰਤਵ ਕਾਨੂੰਨੀ ਸਲਾਹ ਦੇਣਾ ਜਾਂ ਕਾਨੂੰਨੀ ਸਲਾਹ ਦਾ ਬਦਲ ਬਣਨਾ ਨਹੀਂ ਹੈ।*